# ਬਾਗ਼ੀ ਯੁਵਰਾਜ

ਇਕ ਰੂਸੀ ਨਾਟਕ ਦਾ ਪੰਜਾਬੀ ਅਨੁਵਾਦ

—ਅਨੁਵਾਦਿਕ—

ਪ੍ਰੀਤਮ ਸਿੰਘ

SARDAR DYAL SINGH LAHORE LIBRARY

ਲਾਹੌਰ

ਪ੍ਰੀਤ ਨਗਰ ਸ਼ਾਪ

੩੦ ਨਿਸਬਤ ਰੋਡ

ਇਸ ਅਨੁਵਾਦ ਨੂੰ ਦੁਬਾਰਾ ਛਾਪਣ ਦੇ ਹੱਕ
ਅਨੁਵਾਦਿਕ ਪਾਸ ਹਨ।

G
194
29334

ਪਹਿਲੀ ਵੇਰ
ਨਵੰਬਰ ੧੯੪੩

Printed by S. Gur Bakhsh Singh at the Preet Sainik Press, Preet Nagar, Distt. Amritsar and Published by Piara Singh 'Data' for Preet Nagar Shop, 30 Nisbet Road, Lahore.

# ਭੂਮਕਾ

ਇਤਿਹਾਸ ਨੂੰ ਸਾਇੰਟਿਫ਼ਿਕ ਨਜ਼ਰੀਏ ਨਾਲ ਪੜ੍ਹਿਆਂ ਇਹ ਗਲ ਸਾਫ਼ ਹੋ ਜਾਂਦੀ ਹੈ ਕਿ ਬਾਕੀ ਸਾਇੰਸਾਂ ਵਾਂਗ ਸੋਸ਼ਲ ਸਾਇੰਸ ਦੇ ਵੀ ਖ਼ਾਸ ਕਾਨੂੰਨ ਹਨ, ਜਿਨ੍ਹਾਂ ਅਨੁਸਾਰ ਸਾਡੀ ਸਮਾਜ ਵਿਚ ਤਬਦੀਲੀਆਂ ਆਉਂਦੀਆਂ ਹਨ। ਕੋਈ ਵੀ ਘਟਨਾ ਅਟਕਲ ਪੱਚੂ ਨਹੀਂ ਹੁੰਦੀ, ਸਗੋਂ ਸਾਡੀ ਸਮਾਜ ਖ਼ਾਸ ਬੁਨਿਆਦੀ ਨੇਮਾਂ ਅਨੁਸਾਰ ਇਕ ਹਾਲਤ ਤੋਂ ਲੰਘ ਕੇ ਦੂਜੀ ਵਿਚ ਦਾਖ਼ਲ ਹੁੰਦੀ ਹੈ।

ਸਾਡੀ ਸਮਾਜ ਵਿਚ ਆਦਿ ਕਮਿਊਨਿਜ਼ਮ ਤੋਂ ਬਾਅਦ ਗ਼ੁਲਾਮੀ, ਜਾਗੀਰਦਾਰੀ ਦੇ ਜ਼ਮਾਨੇ ਵਿਚ ਲੁਟ ਪੁਟ ਕਰਨ ਵਾਲੀਆਂ ਤੇ ਲੁਟੀਆਂ ਜਾਣ ਵਾਲੀਆਂ ਦੋ ਜਮਾਤਾਂ ਪੈਦਾ ਹੁੰਦੀਆਂ ਰਹੀਆਂ ਹਨ ਤੇ ਜਮਾਤੀ-ਸੰਗਰਾਮ ਜਾਰੀ ਰਿਹਾ ਹੈ। ਅਜ ਸਨਅਤੀ ਸਰਮਾਇਆਦਾਰੀ ਦਾ ਯੁਗ ਹੈ। ਕਾਰਖ਼ਾਨੇਦਾਰ ਮਜ਼ਦੂਰਾਂ ਦੀ ਮਿਹਨਤ ਨੂੰ ਚੁਰਾਂਦਾ ਹੈ। ਮਜ਼ਦੂਰਾਂ ਨੂੰ ਉਹਨਾਂ ਦੀ ਕੀਤੀ ਮਿਹਨਤ ਦਾ ਪੂਰਾ ਮੁਲ ਨਹੀਂ ਮਿਲਦਾ। ਸਰਮਾਇਆਦਾਰ ਉਹਨਾਂ ਦੇ ਲਹੂ ਤੇ ਪਲਦਾ ਤੇ ਮੋਟਾ ਹੁੰਦਾ ਜਾਂਦਾ ਹੈ। ਮਜ਼ਦੂਰ ਇਹ ਸਾਰੀ ਗਲ ਸਮਝਦਾ ਹੈ, ਉਹ ਆਪਣੇ ਹੱਕਾਂ ਲਈ ਜਥੇ ਬੰਦ ਹੁੰਦਾ ਹੈ ਤੇ ਲੁਟ ਪੁਟ, ਤਸ਼ੱਦਦ ਤੇ ਬੇਇਨਸਾਫ਼ੀ ਤੋਂ ਰਹਿਤ ਇਕ ਨਵਾਂ ਸਮਾਜ ਘੜਨ ਲਈ ਸੰਗਰਾਮ

ਕਰਦਾ ਹੈ। ਅਜ ਜਦ ਬਾਕੀ ਸਭ ਜਮਾਤਾਂ ਟੁਟ ਰਹੀਆਂ ਹਨ ਤਾਂ ਇਹ ਇਕੋ ਇਕ ਮਜ਼ਦੂਰ ਜਮਾਤ ਹੀ ਹੈ, ਜਿਹੜੀ ਦਿਨ-ਬ-ਦਿਨ ਮਜ਼ਬੂਤ ਤੇ ਜਥੇ ਬੰਦ ਹੋ ਰਹੀ ਤੇ ਤਰੱਕੀ ਕਰ ਰਹੀ ਹੈ। ਸੋਵੀਅਟ ਰੂਸ ਵਿਚ ਉਥੋਂ ਦੇ ਮਜ਼ਦੂਰਾਂ ਤੇ ਕਿਸਾਨਾਂ ਨੇ ਮਿਲ ਕੇ, ੨੬ ਵਰ੍ਹੇ ਹੋਏ, ਜ਼ਾਰ ਸ਼ਾਹੀ ਤੇ ਸਰਮਾਏਦਾਰੀ ਦਾ ਤਖ਼ਤਾ ਉਲਟਾ ਕੇ ਉਥੇ ਜਮਾਤ-ਰਹਿਤ ਸੋਸ਼ਲਿਸਟ ਸਮਾਜ ਪੈਦਾ ਕਰ ਲਿਆ ਹੈ। ਦੁਨੀਆ ਦੇ ਬਾਕੀ ਮੁਲਕਾਂ ਦੇ ਮਜ਼ਦੂਰ ਕਿਸਾਨ ਤੇ ਗ਼ਰੀਬ ਲੋਕ ਅਜੇਹਾ ਸਮਾਜ ਕਾਇਮ ਕਰਨ ਲਈ ਜੱਦੋ-ਜਹਿਦ ਕਰ ਰਹੇ ਹਨ। ਜ਼ੁਲਮ, ਤਸ਼ੱਦਦ ਤੇ ਧਿੰਗੋਜ਼ੋਰੀ ਦੇ ਖ਼ਿਲਾਫ਼ ਆਵਾਜ਼ ਜ਼ੋਰ ਫੜ ਰਹੀ ਤੇ ਹਥ ਉਚਾ ਉਠ ਰਿਹਾ ਹੈ।

ਪਰ ਜ਼ਾਲਮ ਦੇ ਖ਼ਿਲਾਫ਼ ਮਜ਼ਲੂਮ ਦੀ ਲੜਾਈ ਅਜ ਦੀ ਕਹਾਣੀ ਨਹੀਂ। ਜਦੋਂ ਤੋਂ ਹਾਕਮ ਤੇ ਮਹਿਕੂਮ, ਜ਼ਾਲਮ ਤੇ ਮਜ਼ਲੂਮ, ਮਾਲਕ ਤੇ ਗ਼ੁਲਾਮ ਹੋਂਦ ਵਿਚ ਆਏ ਹਨ, ਇਹ ਜੰਗ ਜਾਰੀ ਹੈ। ਪੂਰਨ ਆਜ਼ਾਦੀ ਦੀ ਚੰਗਿਆੜੀ ਜੰਮਦੇ ਬੱਚੇ ਦੀ ਛਾਤੀ ਵਿਚ ਹੀ ਸੁਲਘੀ ਹੁੰਦੀ ਹੈ। ਮਜ਼ਲੂਮ ਜ਼ੁਲਮ ਸਹਿੰਦਾ ਤਾਂ ਹੈ ਪਰ ਕਦੋਂ ਤਕ? ਜ਼ੁਲਮ ਦੇ ਬੱਦਲ ਸਦੀਆਂ ਤੀਕ ਇਕੱਠੇ ਹੁੰਦੇ ਰਹਿੰਦੇ ਹਨ, ਪਰ ਆਖ਼ਰ ਇਕ ਦਿਨ ਇਹਨਾਂ ਦੀ ਰਗੜ ਉਹ ਬਿਜਲੀ ਪੈਦਾ ਕਰਦੀ ਹੈ, ਜਿਹੜੀ ਸਭ ਕਾਸੇ ਨੂੰ ਫੂਕ ਕੇ ਸੁਆਹ ਕਰ ਦੇਂਦੀ ਹੈ, ਮਜ਼ਲੂਮ ਅਗ ਦੇ ਭਾਂਬੜ ਬਣ ਕੇ ਬਲ ਉਠਦਾ ਹੈ ਤੇ ਜ਼ਾਲਮ ਨੂੰ ਆਪਣੀ ਲਪੇਟ ਵਿਚ ਲੈ ਕੇ ਖ਼ਤਮ ਕਰ ਦੇਂਦਾ ਹੈ।



ਇਹ ਭਾਂਬੜ ਤੇ ਲਾਟਾਂ ਕਈ ਸ਼ਕਲਾਂ ਵਿਚ ਜ਼ਾਹਿਰ ਹੁੰਦੀਆਂ ਹਨ। ਸ਼ੁਰੂ ਸ਼ੁਰੂ ਵਿਚ ਜਿਹੜੇ ਇਨਕਲਾਬੀ ਹੋਏ, ਉਹਨਾਂ ਦਾ ਮਕਸਦ ਢਾਹਣਾ ਹੀ ਸੀ। ਉਹਨਾਂ ਨੂੰ ਨਹੀਂ ਸੀ ਪਤਾ, ਤੇ ਨਾ ਸ਼ਾਇਦ ਉਹਨਾਂ ਨੂੰ ਇਹਦੀ ਲੋੜ ਹੀ ਸੀ ਕਿ ਪੁਰਾਣੇ ਸਮਾਜ ਨੂੰ ਤਬਾਹ ਕਰ ਕੇ ਨਵਾਂ ਸਮਾਜ ਕਿਵੇਂ ਘੜਨਾ ਹੈ, ਇਹਦੀ ਉਸਾਰੀ ਕਿਹੜੇ ਗਾਰੇ ਤੇ ਚੂਨੇ ਨਾਲ ਕਰਨੀ ਹੈ। ਇਨਕਲਾਬੀਆਂ ਦੀ ਏਸ ਜਮਾਤ ਨੂੰ ਦਹਿਸ਼ਤ ਪਸੰਦ (terrorist) ਆਖਿਆ ਜਾਂਦਾ ਸੀ। ਇਹ ਜਦ ਗ਼ਰੀਬਾਂ ਨੂੰ ਅਮੀਰਾਂ ਤੇ ਹਾਕਮਾਂ ਦੇ ਜ਼ੁਲਮ ਦੀ ਚਕੀ ਵਿਚ ਪੀਠਾ ਜਾਂਦਾ ਵੇਂਹਦਾ ਸੀ ਤਾਂ ਇਨਸਾਫ਼ ਦਾ ਖ਼ੂਨ ਹੁੰਦਾ ਵੇਖ ਉਹ ਜ਼ਾਲਮ ਨੂੰ ਤਬਾਹ ਕਰਨ ਲਈ ਉਹਦੇ ਖ਼ਿਲਾਫ਼ ਉਠ ਖਲੋਂਦਾ ਸੀ। ਉਹ ਨਹੀਂ ਸੀ ਜਾਣਦਾ ਕਿ ਜ਼ਾਲਮ ਖ਼ਤਮ ਕਰਨ ਨਾਲ ਜ਼ੁਲਮ ਖ਼ਤਮ ਨਹੀਂ ਹੁੰਦਾ। ਕਿਸੇ ਬਾਦਸ਼ਾਹ, ਵਜ਼ੀਰ ਜਾਂ ਅਮੀਰ ਨੂੰ ਕਤਲ ਕੀਤਿਆਂ ਲੁਟ ਪੁਟ ਦਾ ਇਹ ਸਮਾਜ ਖ਼ਤਮ ਨਹੀਂ ਹੋ ਸਕਦਾ। ਉਹਨਾਂ ਦਾ ਕੋਈ ਹੋਰ ਪੋਤਾ, ਦੋਹਤਾ ਜਾਂ ਭਣੇਵਾਂ ਜ਼ੁਲਮ ਦੀ ਗਦੀ ਆ ਸੰਭਾਲੇਗਾ, ਸੋ ਲੋੜ ਹੈ ਤਾਂ ਇਸ ਗਲ ਦੀ ਕਿ ਮੌਜੂਦਾ ਸੜੀ ਹੋਈ ਇਨਸਾਫ਼-ਹੀਣ ਸਮਾਜ ਨੂੰ ਬੁਨਿਆਦਾਂ ਤੋਂ ਉਖੇੜ ਕੇ ਇਹਦੀ ਥਾਂ ਨਵੀਂ ਸਮਾਜ ਦੀ ਉਸਾਰੀ ਕੀਤੀ ਜਾਵੇ, ਜੀਹਦੇ ਵਿਚ ਨਾ ਅਡ ਅਡ ਜਮਾਤਾਂ ਹੋਣ, ਤੇ ਨਾ ਕੋਈ ਲੁਟ ਪੁਟ ਜਾਂ ਤਸ਼ੱਦਦ ਹੋਵੇ। ਇਹ ਤਦੇ ਹੋ ਸਕਦਾ ਹੈ ਕਿ ਪੈਦਾਵਾਰ ਦੇ ਵਸੀਲੇ ਕਿਸੇ ਦੀ ਨਿਜੀ ਮਲਕੀਅਤ ਨਾ ਹੋਣ, ਇਹ ਸਾਰੀ ਸੁਸਾਇਟੀ ਦੀ ਸਾਂਝੀ ਮਲਕੀਅਤ ਹੋਣ। ਸਾਰੇ ਕੰਮ ਕਰਨ ਤੇ ਖਾਣ। ਕਿਸੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.